# ਭਗਤ ਰਵਿਦਾਸ - ਸਬਦ ੪੦

## ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥

ਰਾਗੁ ਮਲਾਰ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੧੨੯੩

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥
ਮੈਲੇ ਕਪਰੇ ਕਹਾ ਲਉ ਧੋਵਉ ॥
ਆਵੈਗੀ ਨੀਦ ਕਹਾ ਲਗੁ ਸੋਵਉ ॥੧॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥
ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥
ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥

ਸਾਰ: ਆਤਮ-ਪੜਚੋਲ ਦਾ ਅਗਾਜ਼ ਉਦੋਂ ਹੁੰਦਾ ਹੈ ਜਦੋਂ ਅਸੀਂ ਆਪਣੇ ਕਰਮਾਂ ਨੂੰ ਜਾਇਜ਼ ਜਾਂ ਉਨ੍ਹਾਂ ਦੀ ਆਲੋਚਨਾ ਕਰਨ ਨਾਲੋਂ ਉਨ੍ਹਾਂ 'ਤੇ ਧਿਆਨ ਕੇਂਦਰਿਤ ਕਰਦੇ ਹਾਂ। ਆਪਣੇ ਵਿਵਹਾਰ ਦਾ ਨਾਪਤੋਲ ਜਾਂ ਇਸਦਾ ਬਚਾਅ ਕਰਨ ਦੀ ਬਜਾਏ, ਅਸੀਂ ਆਪਣੇ ਇਰਾਦਿਆਂ, ਡਰਾਂ, ਆਦਤਾਂ ਅਤੇ ਜਟਿਲਤਾਵਾਂ ਦੀ ਜਾਂਚ ਕਰ, ਅਸੀਂ ਇਸਨੂੰ ਅਪਣਾ ਸਕਦੇ ਹਾਂ। ਇਹ ਪਹੁੰਚ ਸਾਨੂੰ ਬਿਨਾਂ ਵਿਰੋਧ ਦੇ ਚਿੰਤਨ ਕਰਨ ਅਤੇ ਇਹ ਸਮਝਣ ਦੇ ਯੋਗ ਬਣਾਉਂਦੀ ਹੈ ਕਿ ਸਾਡੇ ਕਰਮ ਉਨ੍ਹਾਂ ਅੰਤਰੀਵੀ ਅਤੇ ਬਾਹਰੀ ਅਨੁਭਵਾਂ ਨੂੰ ਦਰਸਾਉਂਦੇ ਹਨ ਜੋ ਸਾਡੇ ਚਰਿੱਤਰ ਨੂੰ ਪਰਿਭਾਸ਼ਿਤ ਨਹੀਂ ਕਰਦੇ। ਜਦੋਂ ਕਿ ਜਵਾਬਦੇਹੀ ਮਹੱਤਵਪੂਰਨ ਹੈ, ਜੋ ਸਵੈ ਪ੍ਰਤੀ ਉਪਜੇ ਸ਼ੰਕਿਆਂ ਨੂੰ ਘਟਾ, ਵਧੇਰੇ ਸਪੱਸ਼ਟਤਾ ਵੱਲ ਲੈ ਜਾਂਦੀ ਹੈ। ਆਪਣੇ ਅਨੁਭਵਾਂ ਨੂੰ ਸਵੀਕਾਰ ਕਰਨ ਨਾਲ ਸੂਝ ਭਰਪੂਰ ਪ੍ਰਤੀਕਿਰਿਆਵਾਂ ਨੂੰ ਸਮਰਥਾ ਮਿਲਦੀ ਹੈ, ਇਹ ਤੱਥ ਇਸ ਹਕੀਕਤ ਨੂੰ ਉਜਾਗਰ ਕਰਦਾ ਹੈ ਕਿ ਆਤਮ-ਪੜਚੋਲ ਜਾਗਰੂਕਤਾ ਅਤੇ ਅੰਤਰੀਵੀ ਖੇੜੇ ਨੂੰ ਵਧਾ ਸਕਦੀ ਹੈ। ਉਹ ਦੈਵੀ ਗੁਣ ਜਿਸ ਲਈ ਅਸੀਂ ਸਾਰੇ ਉਦਮ ਕਰਦੇ ਹਾਂ।

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥

ਸਰਬ-ਵਿਆਪੀ ਪਾਲਣਹਾਰ ਸਤਾ ਨਾਲ ਜੁੜਨ ਲਈ, ਕਿਸ ਤਰ੍ਹਾਂ ਦੀ ਸ਼ਰਧਾ ਦੀ ਲੋੜ ਹੈ? ਇਹ ਭਾਵ ਉਸ ਮਨੋਬਿਰਤੀ ਦੀ ਪੜਚੋਲ ਕਰਦਾ ਹੈ ਜੋ ਜਾਗਰੂਕਤਾ ਨੂੰ ਪ੍ਰਗਟ ਕਰਨ ਦੇ ਯੋਗ ਬਣਾਉਂਦੀ ਹੈ।

ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥

ਨੇਕ ਜਨਾਂ ਦੀ ਸੰਗਤ ਵਿਚ, ਅਸੀਂ ਜਾਗਰੂਕਤਾ ਦੀ ਸਰਵਉੱਚ ਅਵਸਥਾ ਪ੍ਰਾਪਤ ਕਰ ਸਕਦੇ ਹਾਂ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਚਿੰਤਨ ਅਤੇ ਅਨੁਭਵੀ ਸਿੱਖਿਆ ਉਲਝਣ ਨੂੰ ਜਾਗਰੂਕਤਾ ਵਿਚ ਬਦਲ ਸਕਦੀ ਹੈ। (ਠਹਿਰਾਉ)

ਮੈਲੇ ਕਪਰੇ ਕਹਾ ਲਉ ਧੋਵਉ ॥

ਮੈਂ ਕਦੋਂ ਤੱਕ ਮੈਲੇ ਕੱਪੜੇ ਧੋਂਦਾ ਰਹਾਂਗਾ? ਇਹ ਭਾਵ ਸਤਹੀ ਵਿਧੀਆਂ ਰਾਹੀਂ ਹਉਮੈ ਨੂੰ ਦੂਰ ਕਰਨ ਵਾਲੇ ਉਦਮ ਵਿਚ ਮਿਲੀ ਥਕਾਵਟ ਅਤੇ ਖਾਲੀਪਣ ਨੂੰ ਦਰਸਾਉਂਦਾ ਹੈ।

ਆਵੈਗੀ ਨੀਦ ਕਹਾ ਲਗੁ ਸੋਵਉ ॥੧॥

ਜਦੋਂ ਨੀਂਦ ਆਉਂਦੀ ਹੈ, ਤਾਂ ਮੈਂ ਇਸ ਗੂੜ੍ਹ ਨੀਂਦ ਵਿਚ ਕਿੰਨਾ ਚਿਰ ਸੁਤਾ ਰਹਾਂਗਾ? ਇਹ ਭਾਵ ਦਰਸਾਉਂਦਾ ਹੈ ਕਿ ਅਗਿਆਨਤਾ ਦੇ ਪਲ ਅਟੱਲ ਹਨ, ਪਰ ਕੀ ਸਾਨੂੰ ਇਸ ਅਵਸਥਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਵਿਕਾਸ ਦੇ ਅਵਸਰ ਨੂੰ ਗੁਆ ਦੇਣਾ ਚਾਹੀਦਾ ਹੈ? (੧)

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥

ਮੈਂ ਜੋ ਵੀ ਇਕੱਠਾ ਕਰ ਸੀਤਾ, ਅੰਤ ਵਿਚ ਉਹ ਵਸਤਾਂ ਪਾਟ ਗਈਆਂ। ਇਹ ਭਾਵ ਵਸਤਾਂ ਨਾਲ ਜੁੜੇ ਰਹਿਣ ਦੀ ਵਿਅਰਥਤਾ, ਉਹਨਾਂ ਨਾਲ ਥੋੜ੍ਹੇਚਿਰੇ ਲਗਾਵ ਅਤੇ ਅੰਤਮ ਵਿਛੋੜੇ ਨੂੰ ਦਰਸਾਉਂਦਾ ਹੈ।

ਛੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥

ਬੇਈਮਾਨੀ ਨਾਲ ਕੀਤੇ ਵਪਾਰ ਕਾਰਣ ਦੁਕਾਨ ਬੰਦ ਹੋ ਗਈ। ਇਹ ਭਾਵ ਦਰਸਾਉਂਦਾ ਹੈ ਕਿ ਦਵੈਤ ਵਿਚ ਨਿਵੇਸ਼ ਕਰਨ ਨਾਲ ਅੰਤਰੀਵੀ ਸਥਿਰਤਾ ਖਤਮ ਹੋ ਜਾਂਦੀ ਹੈ ਅਤੇ ਜੀਵਨ ਦੇ ਦੁਰਲਭ ਅਵਸਰ ਗੁਆਚ ਜਾਂਦੇ ਹਨ। (੨)

ਕਹੁ ਰਵਿਦਾਸ ਭਇਓ ਜਬ ਲੇਖੋ ॥

ਰਵਿਦਾਸ ਕਹਿੰਦੇ ਹਨ ਕਿ ਜਦੋਂ ਅੰਤਰਹਕਣ ਲੇਖਾ-ਜੋਖਾ ਕਰਦਾ ਹੈ। ਇਹ ਭਾਵ ਕਿਸੇ ਦੇ ਕਰਮਾਂ ਬਾਰੇ ਆਤਮ-ਪੜਚੋਲ ਦੇ ਪਲ ਨੂੰ ਦਰਸਾਉਂਦਾ ਹੈ, ਜਿਸ ਵਿਚ ਹਿਸਾਬ-ਕਿਤਾਬ ਦੀ ਬਜਾਏ ਉਸ ਨੂੰ ਪਛਾਣਨ ਦਾ ਵਰਤਾਰਾ ਪ੍ਰਮੁੱਖ ਹੁੰਦਾ ਹੈ।

ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥

ਅਸੀਂ ਜੋ ਵੀ ਕਰਮ ਕਰਦੇ ਹਾਂ, ਉਸ ਦੀ ਨਤੀਜਾ ਵੀ ਉਸ ਅਨੁਸਾਰੀ ਹੁੰਦਾ ਹੈ। ਕਾਰਨ ਅਤੇ ਪ੍ਰਭਾਵ ਦਾ ਇਹ ਅਟੱਲ ਨਿਯਮ, ਸਾਡੇ ਦੁਆਰਾ ਬਣਾਈ ਗਈ ਹਕੀਕਤ ਦੇ ਰੂਪ ਵਿਚ, ਪਛਤਾਵੇਂ ਦੀ ਥਾਂ ਵਿਗਾਸ ਅਤੇ ਨਿਰੀਖਣ ਦਾ ਵਰਤਾਰਾ ਹੈ। (੩)(੧)(੩)

ਤੱਤ: ਭਗਤ ਰਵਿਦਾਸ ਕਾਰਨ ਅਤੇ ਪ੍ਰਭਾਵ ਦੇ ਸਿਧਾਂਤ ਨੂੰ ਉਜਾਗਰ ਕਰਦੇ ਹਨ। ਸਾਡੇ ਇਕਸਾਰ ਵਿਚਾਰ, ਕਰਮ ਅਤੇ ਚੋਣਾਂ, ਸਾਡੇ ਅਨੁਭਵਾਂ ਨੂੰ ਤ੍ਰਾਸ਼ਦੇ ਹਨ ਅਤੇ ਅਜਿਹੇ ਨਤੀਜਿਆਂ ਨੂੰ ਸਾਡੇ ਸਨਮੁੱਖ ਰੱਖਦੇ ਹਨ ਜੋ ਸਾਡੇ ਵਿਵਹਾਰ ਨੂੰ ਦਰਸਾਉਂਦੇ ਹਨ। ਉਹ ਇਸ ਤੱਥ ਨੂੰ ਮਾਨਤਾ ਦਿੰਦੇ ਹਨ ਕਿ ਅਗਿਆਨਤਾ ਦੇ ਪਲ ਅਟੱਲ ਹੁੰਦੇ ਹਨ; ਅਸੀਂ ਜਾਂ ਤਾਂ ਉਨ੍ਹਾਂ ਨੂੰ ਸਵੀਕਾਰ ਕਰਦੇ ਹੋਏ ਵਿਗਾਸ ਦੇ ਅਵਸਰ ਤੋਂ ਖੁੰਝ ਸਕਦੇ ਹਾਂ ਜਾਂ ਉਨ੍ਹਾਂ ਦੀ ਪਛਾਣ ਕਰਦੇ ਹੋਏ, ਜਾਗਰੂਕਤਾ ਦੇ ਰਾਹੇ ਪੈ ਸਕਦੇ ਹਾਂ। ਹਰ ਅਨੁਭਵ ਕੀਮਤੀ ਸੁਝਾ ਪ੍ਰਦਾਨ ਕਰਦਾ ਹੈ, ਪਛਤਾਵੇ ਦਾ ਕਾਰਨ ਬਣਨ ਦੀ ਥਾਂ ਰੁਪਾਂਤ੍ਰਣ ਲਈ ਪ੍ਰੇਰਨਾ ਸਰੋਤ ਬਣਦਾ ਹੈ। ਇਸ ਮਨੋਬਿਰਤੀ ਨੂੰ ਧਾਰਨ ਕਰਨ ਦੇ ਨਾਲ ਰੁਪਾਂਤ੍ਰਣ ਦਾ ਰਾਹ ਖੁੱਲ੍ਹਦਾ ਹੈ ਅਤੇ ਸਾਨੂੰ ਆਪਣੇ ਕਰਮਾਂ ਅਤੇ ਜੀਵਨ ਨੂੰ ਸੰਵਾਰਨ ਵਿਚ ਮਦਦ ਮਿਲ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: [OnenessInDiversity.com](OnenessInDiversity.com)

ਈਮੇਲ: **onenessindiversityfoundation@gmail.com**